aglasem.com

FOR PUNJAB CLASS 8 PREPARATION

PSEB 8th Sample Paper 2027 Agriculture

EXAM	YEAR	TYPE	SUBJECT
Punjab Class 8	2027	Sample Paper	Agriculture

ਮਾਡਲ ਟੈਸਟ ਪੇਪਰ

ਅਕਾਦਮਿਕ ਸਾਲ : 2026-2027

ਸ਼੍ਰੇਣੀ : ਅੱਠਵੀਂ

ਵਿਸ਼ਾ : ਖੇਤੀਬਾੜੀ (813)

ਕੁੱਲ ਸਮਾਂ : 3 ਘੰਟੇ **ਕੁੱਲ ਅੰਕ : 50**

ਪ੍ਰਸ਼ਨ ਪੱਤਰ ਵਿੱਚ ਕੁੱਲ 18 ਪ੍ਰਸ਼ਨ ਹਨ। ਪ੍ਰਸ਼ਨ ਪੱਤਰ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ :

ਭਾਗ - I **ਇਸ ਭਾਗ ਵਿੱਚ ਤਿੰਨ ਪ੍ਰਸ਼ਨ ਹਨ :**

ਪ੍ਰਸ਼ਨ ਨੰ. 1 : ਇਸ ਵਿੱਚ **ਇੱਕ-ਇੱਕ ਅੰਕ** ਵਾਲੇ **ਚਾਰ 'ਬਹੁ-ਵਿਕਲਪੀ'** ਪ੍ਰਸ਼ਨ ਹਨ।

ਪ੍ਰਸ਼ਨ ਨੰ. 2 : ਇਸ ਵਿੱਚ **ਇੱਕ-ਇੱਕ ਅੰਕ** ਵਾਲੇ **ਚਾਰ 'ਖ਼ਾਲੀ ਥਾਵਾਂ ਭਰੋ'** ਵਾਲੇ ਪ੍ਰਸ਼ਨ ਹਨ।

ਪ੍ਰਸ਼ਨ ਨੰ. 3 : ਇਸ ਵਿੱਚ **ਇੱਕ-ਇੱਕ ਅੰਕ** ਵਾਲੇ **ਚਾਰ 'ਠੀਕ ਜਾਂ ਗ਼ਲਤ ਕਥਨ'** ਵਾਲੇ ਪ੍ਰਸ਼ਨ ਹਨ।

ਇਹ ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ।

ਭਾਗ - II ਇਸ ਭਾਗ ਵਿੱਚ **ਪ੍ਰਸ਼ਨ ਨੰਬਰ 4 ਤੋਂ 14 ਤੱਕ ਦੋ-ਦੋ ਅੰਕ** ਵਾਲੇ **ਛੋਟੇ ਉੱਤਰਾਂ ਵਾਲੇ** ਪ੍ਰਸ਼ਨ ਹਨ। ਇਨ੍ਹਾਂ ਦਾ ਉੱਤਰ ਲਗਭਗ **1-2 ਵਾਕਾਂ** ਵਿੱਚ ਦਿਓ।

ਇਹ ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ।

ਭਾਗ - III ਇਸ ਭਾਗ ਵਿੱਚ **ਪ੍ਰਸ਼ਨ ਨੰਬਰ 15 ਤੋਂ 18** ਤੱਕ **ਚਾਰ-ਚਾਰ ਅੰਕਾਂ** ਵਾਲੇ **ਵੱਡੇ ਉੱਤਰਾਂ ਵਾਲੇ** ਪ੍ਰਸ਼ਨ ਹਨ। ਇਨ੍ਹਾਂ ਦਾ ਉੱਤਰ ਲਗਭਗ **4-5 ਵਾਕਾਂ** ਵਿੱਚ ਦਿਓ। **ਇਨ੍ਹਾਂ ਸਾਰੇ ਪ੍ਰਸ਼ਨਾਂ ਵਿੱਚ 100% ਅੰਦਰੂਨੀ ਛੋਟ ਹੈ।**

ਭਾਗ - I

1. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਦੀ ਚੋਣ ਕਰੋ:

(i) ਕਿਹੜੀ ਭੂਮੀ ਪਾਣੀ ਨੂੰ ਬਹੁਤ ਜਲਦੀ ਸੋਖ ਲੈਂਦੀ ਹੈ ?

(ੳ) ਚੀਕਣੀ ਭੂਮੀ (ਅ) ਮੈਰਾ ਭੂਮੀ (ੲ) ਰੇਤਲੀ ਭੂਮੀ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ **1**

(ii) ਸੋਲਰ ਵਾਟਰ ਪੰਪ ਨਾਲ ਕੀ ਚਲਾਇਆ ਜਾਂਦਾ ਹੈ ?

(ੳ) ਟਿਊਬਵੈੱਲ (ਅ) ਹੀਟਰ (ੲ) ਲਾਲਟੈਣ (ਸ) ਡਰਾਇਅਰ **1**

(iii) ਜੰਤਰ-ਬਾਸਮਤੀ-ਕਣਕ ਫ਼ਸਲੀ ਚੱਕਰ ਵਿੱਚ ਕਿਸ ਖਾਦ ਦੀ ਬੱਚਤ ਹੁੰਦੀ ਹੈ ?

(ੳ) ਯੂਰੀਆ (ਅ) ਜ਼ਿੰਕ ਸਲਫ਼ੇਟ (ੲ) ਮੈਂਗਨੀਜ਼ ਸਲਫ਼ੇਟ (ਸ) ਸੁਪਰ ਫਾਸਫੇਟ **1**

(iv) ਫਲ਼ ਅਤੇ ਸਬਜ਼ੀਆਂ ਦੀ ਦਰਜਾਬੰਦੀ ਕਿਸ ਅਧਾਰ 'ਤੇ ਕੀਤੀ ਜਾਂਦੀ ਹੈ ?

(ੳ) ਅਕਾਰ (ਅ) ਭਾਰ (ੲ) ਰੰਗ (ਸ) ਇਹ ਸਾਰੇ **1**

1 ਅੰਕ × 4 = 4 ਅੰਕ

2. ਬਰੈਕਟ ਵਿੱਚ ਦਿੱਤੇ ਗਏ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂ ਭਰੋ :

(i) ਜ਼ੀਨੀਆ ..... ਰੁੱਤ ਦਾ ਫੁੱਲ ਹੈ । (ਗਰਮੀ / ਸਰਦੀ) **1**

(ii) ਪੰਜਾਬ ਵਿੱਚ ਸਭ ਤੋਂ ਵੱਧ ..... ਖੁੰਬ ਉਗਾਈ ਜਾਂਦੀ ਹੈ । (ਢੀਂਗਰੀ / ਬਟਨ) **1**

(iii) ਜੈਵਿਕ ਖੇਤੀ ਵਿੱਚ ..... ਖਾਦਾਂ ਦੀ ਵਰਤੋਂ ਦੀ ਮਨਾਹੀ ਹੈ । (ਦੇਸੀ / ਰਸਾਇਣਿਕ)**1**

(iv) ਪੰਜਾਬ ਵਿੱਚ ਸਭ ਤੋਂ ਵੱਧ ਉਗਾਇਆ ਜਾਣ ਵਾਲਾ ਫ਼ਲ ..... ਹੈ । (ਸੇਬ / ਕਿੰਨੂ) **1**

1 ਅੰਕ × 4 = 4 ਅੰਕ

3. ਸਹੀ ਜਾਂ ਗ਼ਲਤ ਕਥਨਾਂ ਦੀ ਚੋਣ ਕਰੋ :

(i) ਪੁਰਾਣੇ ਜ਼ਮਾਨੇ ਵਿੱਚ ਜ਼ਮੀਨ ਦੀ ਮਿਣਤੀ ਰੱਸੀ ਨਾਲ਼ ਕੀਤੀ ਜਾਂਦੀ ਸੀ । **1**

(ii) ਕਾਮਾ ਮੱਖੀਆਂ ਨਰ ਹੁੰਦੀਆਂ ਹਨ । **1**

(iii) ਟਰੈਕਟਰ ਦੀ ਬੈਟਰੀ ਨੂੰ ਸਮੇਂ-ਸਮੇਂ ਤੇ ਚਾਰਜ ਕਰਦੇ ਰਹਿਣਾ ਚਾਹੀਦਾ ਹੈ । **1**

(iv) ਅੰਬ ਦਾ ਸ਼ਰਬਤ ਬਣਾਉਣ ਲਈ ਖੰਡ ਦੀ ਵਰਤੋਂ ਨਹੀਂ ਕੀਤੀ ਜਾਂਦੀ ਹੈ । **1**

1 ਅੰਕ × 4 = 4 ਅੰਕ

ਭਾਗ - II

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1-2 ਵਾਕਾਂ ਵਿੱਚ ਦਿਓ :

4. ਰੇਤਲੀ ਅਤੇ ਚੀਕਣੀ ਮਿੱਟੀ ਵਿੱਚ ਕੋਈ ਦੋ ਅੰਤਰ ਲਿਖੋ । **2**

5. ਸਬਜ਼ੀਆਂ ਦੀ ਨਰਸਰੀ ਵਿੱਚ ਪਨੀਰੀ ਨੂੰ ਮਰਨ ਤੋਂ ਬਚਾਉਣ ਲਈ ਕਿਹੜੀ ਦਵਾਈ ਪਾਉਣੀ ਚਾਹੀਦੀ ਹੈ ? **2**

6. ਜ਼ਰੀਬ ਕੀ ਹੁੰਦੀ ਹੈ ? ਇਹ ਕੀ ਕੰਮ ਆਉਂਦੀ ਹੈ ? **2**

7. ਸੋਲਰ ਡਰਾਇਅਰ ਨਾਲ਼ ਸੁਕਾਈਆਂ ਜਾਣ ਵਾਲੀਆਂ ਕਿਸੇ ਚਾਰ ਵਸਤੂਆਂ ਦੇ ਨਾਂ ਲਿਖੋ । **2**

8. ਖੁੰਬਾਂ ਤੋੜਨ ਸਮੇਂ ਧਿਆਨ ਰੱਖਣ ਯੋਗ ਕੋਈ ਦੋ ਗੱਲਾਂ ਲਿਖੋ । **2**

9. ਨਵੀਂ ਅਤੇ ਪੁਰਾਣੀ ਰਾਣੀ ਮੱਖੀ ਦੀ ਕੀ ਪਛਾਣ ਹੈ ? **2**

10. ਸੋਇਆਬੀਨ ਤੋਂ ਤਿਆਰ ਕੀਤੀਆਂ ਜਾਣ ਵਾਲੀਆਂ ਕਿਸੇ ਚਾਰ ਵਸਤੂਆਂ ਦੇ ਨਾਂ ਲਿਖੋ । **2**

11. ਜੈਵਿਕ ਖੇਤੀ ਕਿਸ ਨੂੰ ਕਹਿੰਦੇ ਹਨ ? **2**

12. ਬਿਜਾਈ ਮਸ਼ੀਨ (ਸੀਡ ਡਰਿੱਲ) ਦੀ ਸਹੀ ਸਾਂਭ-ਸੰਭਾਲ ਲਈ ਕੋਈ ਦੋ ਗੱਲਾਂ ਲਿਖੋ । **2**

13. ਤੁਸੀਂ ਅੰਬ ਨੂੰ ਤੋੜਨ ਵੇਲੇ ਤਿਆਰ ਅੰਬ ਦੀ ਪਛਾਣ ਕਰਨ ਲਈ ਕਿਹੜੀਆਂ ਕੋਈ ਦੋ ਨਿਸ਼ਾਨੀਆਂ ਵੇਖੋਗੇ ? **2**

14. ਤੁਹਾਡੀ ਘਰੇਲੂ ਬਗ਼ੀਚੀ ਵਿੱਚ ਬਹੁਤ ਸਾਰੀਆਂ ਮੌਸਮੀ ਸਬਜ਼ੀਆਂ ਅਤੇ ਫਲ਼ ਹਨ । ਤੁਸੀਂ ਇਨ੍ਹਾਂ ਵਿੱਚੋਂ ਕਿਹੜੀਆਂ ਚਾਰ ਸਬਜ਼ੀਆਂ ਅਤੇ ਫਲ਼ਾਂ ਦਾ ਅਚਾਰ ਤਿਆਰ ਕਰ ਸਕਦੇ ਹੋ ? **2**

2 ਅੰਕ × 11 = 22 ਅੰਕ

ਭਾਗ - III

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 4-5 ਵਾਕਾਂ ਵਿੱਚ ਦਿਓ :

15. ਇੱਕ ਕਿਸਾਨ ਦੀ ਸੇਮ ਵਾਲੀ ਜ਼ਮੀਨ ਹੈ । ਜ਼ਮੀਨ ਵਿੱਚ ਪਾਣੀ ਖੜ੍ਹਾ ਰਹਿਣ ਕਰਕੇ ਉਸ ਦੀ ਫ਼ਸਲ ਖ਼ਰਾਬ ਹੋ ਰਹੀ ਹੈ । ਉਸ ਨੂੰ ਸੇਮ ਵਾਲੀ ਜ਼ਮੀਨ ਦਾ ਸੁਧਾਰ ਕਰਨ ਲਈ ਕੋਈ ਚਾਰ ਤਰੀਕੇ ਦੱਸੋ । **4**

ਜਾਂ

ਗਿਰਦਾਵਰੀ ਕੀ ਹੁੰਦੀ ਹੈ ? ਹਾੜ੍ਹੀ ਅਤੇ ਸਾਉਣੀ ਰੁੱਤ ਦੀ ਗਿਰਦਾਵਰੀ ਕਦੋਂ ਕੀਤੀ ਜਾਂਦੀ ਹੈ ? **4**

16. ਇੱਕ ਪਰਿਵਾਰ ਆਪਣੇ ਪੌਸ਼ਟਿਕ ਭੋਜਨ ਵਿੱਚ ਖੁੰਬਾਂ ਨੂੰ ਸ਼ਾਮਲ ਕਰਨਾ ਚਾਹੁੰਦਾ ਹੈ । ਉਸ ਨੂੰ ਭੋਜਨ ਦੇ ਰੂਪ ਵਿੱਚ ਖੁੰਬਾਂ ਦਾ ਮਹੱਤਵ ਸਮਝਾਓ । **4**

ਜਾਂ

ਇੱਕ ਕਿਸਾਨ ਮਧੂ ਮੱਖੀ ਪਾਲਣ ਦਾ ਧੰਦਾ ਸ਼ੁਰੂ ਕਰਨਾ ਚਾਹੁੰਦਾ ਹੈ । ਉਸ ਨੂੰ ਮਧੂ ਮੱਖੀ ਪਾਲਣ ਦੀ ਮਹੱਤਤਾ ਬਾਰੇ ਚਾਨਣਾ ਪਾਓ । **4**

17. ਇੱਕ ਕਿਸਾਨ ਕੋਲ ਘੱਟ ਜ਼ਮੀਨ ਹੈ । ਉਸ ਨੂੰ ਬਹੁ-ਫ਼ਸਲੀ ਪ੍ਰਣਾਲੀ ਅਪਣਾਉਣ ਨਾਲ ਹੋਣ ਵਾਲੇ ਕੋਈ ਚਾਰ ਲਾਭ ਸਮਝਾਓ । **4**

ਜਾਂ

ਇੱਕ ਕਿਸਾਨ ਨੂੰ ਖੇਤੀ ਮਸ਼ੀਨਾਂ ਦੀ ਵਧੀਆ ਸਾਂਭ-ਸੰਭਾਲ ਕਰਨ ਨਾਲ਼ ਕਿਹੜੇ-ਕਿਹੜੇ ਚਾਰ ਲਾਭ ਹੋ ਸਕਦੇ ਹਨ ? **4**

18. ਇੱਕ ਕਿਸਾਨ ਨੂੰ ਫਲ਼ ਅਤੇ ਸਬਜ਼ੀਆਂ ਦੀ ਢੋਆ-ਢੁਆਈ ਦੌਰਾਨ ਕਿਹੜੀਆਂ-ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ? **4**

ਜਾਂ

ਤੁਸੀਂ ਘਰ ਵਿੱਚ ਔਲੇ ਦਾ ਮੁਰੱਬਾ ਕਿਵੇਂ ਤਿਆਰ ਕਰੋਗੇ ? **4**

4 ਅੰਕ × 4 = 16 ਅੰਕ

aglasem.com For more Question Papers, Sample Papers, Notes & Syllabus visit aglasem.com